**ਦਫਤਰ: ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ**

**(ਭਵਨ ਤੇ ਮਾਰਗ) ਸ਼ਾਖਾ, ਟਾਂਡਾ।**

ਈ-ਮੇਲਆਈ.ਡੀ.:-sdepwdtanda@gmail.com

ਵੱਲ,

ਪ੍ਰਿੰਸੀਪਲ,
ਲਾਲਾ ਜਗਤ ਨਰਾਇਣ ਡੀ.ਏ.ਵੀ. ਪਬਲਿਕ ਸਕੂਲ,
ਗੜ੍ਹਦੀਵਾਲਾ, ਜਿਲ੍ਹਾ ਹੁਸ਼ਿਆਰਪੁਰ।

ਨੰ. 29 ਮਿਤੀ 28-04-2025

ਵਿਸ਼ਾ : **ਇਸ਼ੂ ਆਫ ਬਿਲਡਿੰਗ ਸੇਫਟੀ ਸਰਟੀਫਿਕੇਟ ਫਾਰ ਦੀ ਯੇਅਰ 2025-26**

ਹਵਾਲਾ : **ਆਪ ਦਾ ਪੱਤਰ ਨੰ. ਨਿੱਲ, ਮਿਤੀ**

ਉਪਰੋਕਤ ਸਕੂਲ ਦੀ ਇਮਾਰਤ ਦਾ ਨਿਰੀਖਣ ਸ੍ਰੀ ਬਲਦੇਵ ਰਾਜ ਸਹਾਇਕ ਇੰਜੀਨੀਅਰ ਵੱਲੋ ਕੀਤਾ ਗਿਆ ਅਤੇ ਇਹ ਬਿਲਡਿੰਗ ਸਾਲ 2025-26 ਲਈ ਸੁਰੱਖਿਅਤ ਪਾਈ ਗਈ ਹੈ, ਪਰੰਤੂ ਹੇਠ ਲਿਖੀਆਂ ਹਦਾਇਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

1. ਬਿਲਡਿੰਗ ਦੇ ਆਲੇ ਦੁਆਲੇ ਅਤੇ ਛੱਤਾਂ ਉੱਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ।
2. ਜੇਕਰ ਬਿਲਡਿੰਗ ਦੇ ਕਿਸੇ ਹਿੱਸੇ ਵਿੱਚ ਕਿਸੇ ਕਿਸਮ ਦੀ ਤਰੇੜ ਵਗੈਰਾ ਆ ਜਾਂਦੀ ਹੈ ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸਦੀ ਰਿਪੇਅਰ ਤੁਰੰਤ ਕਰਵਾਈ ਜਾਵੇ।
3. ਬਿਲਡਿੰਗ ਦੀ ਉਸਾਰੀ ਵਿੱਚ ਵਰਤੇ ਗਏ ਮਟੀਰੀਅਲ ਦੀ ਜੁੰਮੇਵਾਰੀ ਸਕੂਲ ਦੀ ਹੋਵੇਗੀ।
4. ਨਾਲ ਨੱਥੀ ਨਕਸ਼ੇ ਤੋ ਇਲਾਵਾ ਜੇਕਰ ਆਪ ਵੱਲੋ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਨਜ਼ੂਰੀ ਮਹਿਕਮੇ ਪਾਸੋ ਲਈ ਜਾਵੇ।
5. ਸਕੂਲ ਵੱਲੋ ਬਣਦੀ ਫੀਸ 10,000/- ਰੁਪਏ ਜਮ੍ਹਾਂ ਕਰਵਾ ਦਿੱਤੀ ਗਈ ਹੈ।
6. ਸਰਕਾਰ ਦੀਆਂ ਹਦਾਇਤਾਂ/ਕੋਰਟ ਦੀਆਂ ਹਦਾਇਤਾਂ ਮੁਤਾਬਿਕ ਜੇਕਰ ਕੋਈ ਵੀ ਅਸੈਸ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਹੈ ਤਾਂ ਉਹ ਫੀਸ ਤੁਹਾਡਾ ਸਕੂਲ ਜਮ੍ਹਾਂ ਕਰਾਉਣ ਦਾ ਪਾਬੰਦ ਹੋਵੇਗਾ।

ਨੱਥੀ/ਪ੍ਰਫਾਰਮਾ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ,ਲੋ.ਨਿ.ਵਿ.(ਭ ਤੇ ਮ)ਸ਼ਾਖਾ,
ਟਾਂਡਾ।

ਪਿੱਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 1 ਲੋ.ਨਿ.ਵਿ.(ਭ ਤੇ ਮ) ਸ਼ਾਖਾ ਹੁਸ਼ਿਆਰਪੁਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ/ਬੈਂਕ ਦੀ ਰਸੀਦ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ,ਲੋ.ਨਿ.ਵਿ.(ਭ ਤੇ ਮ)ਸ਼ਾਖਾ,
ਟਾਂਡਾ।

Scanned with OKEN Scanner